**ਦਫਤਰ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ, ਵਣ ਭਵਨ, ਦੂਜੀ ਮੰਜਿਲ, ਟਾਵਰ-4, ਸੈਕਟਰ-68, ਐਸ.ਏ.ਐਸ.ਨਗਰ, ਮੁਹਾਲੀ ਫੋਨ ਨੰ:0172-2298093 ਈਮੇਲ ਆਈ.ਡੀ. scpcrpunjab@gmail.com**

ਸੇਵਾ ਵਿਖੇ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੰਕੈਡਰੀ)
2. ਸਮੂਹ ਜਿਲ੍ਹਾ ਸਿੱਖਿਆ ਅਫੱਸਰ (ਪ੍ਰਾਇਮਰੀ)

ਪਰਬਅਰਕ/2018/ 519
ਮਿਤੀ: 3/5/2018

ਵਿਸ਼ਾ:- ਨਾਸਾਜ਼ਗਾਰ ਹਾਲਾਤਾਂ ਵਿੱਚ ਰਹਿੰਦੇ ਸਕੂਲੀ ਵਿਦਿਆਰਥੀਆਂ ਦੀ ਪਛਾਣ ਕਰਨ ਬਾਰੇ।

ਵਿਸ਼ਾਂ ਅੰਕਿਤ ਮਾਮਲੇ ਸਬੰਧੀ ਪੱਤਰ ਨਾਲ ਨੱਥੀ ਕਰਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਸਮੂਹ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ ਅਧਿਆਪਕਾਂ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਨੱਥੀ:ਉਕਤ ਅਨੁਸਾਰ

for ਸਕੱਤਰ

Scanned by CamScanner

ਵਿਸ਼ਾ:- ਨਾਸਾਜ਼ਗਾਰ ਹਾਲਾਤਾਂ ਵਿੱਚ ਰਹਿੰਦੇ ਸਕੂਲੀ ਵਿਦਿਆਰਥੀਆਂ ਦੀ ਪਛਾਣ ਕਰਨ ਬਾਰੇ।

ਸਤਿਕਾਰਯੋਗ ਅਧਿਆਪਕ ਜੀਓ,

ਤੁਹਾਡੇ ਤੋ ਵੱਧ ਇਸ ਗੱਲ ਦਾ ਇਲਮ ਕਿਸੇ ਪਾਸ ਨਹੀਂ ਹੈ ਕਿ ਕਿਸੇ ਸਮਾਜ ਦੇ ਬੱਚੇ ਉਸ ਸਮਾਜ ਅਤੇ ਦੇਸ਼ ਦਾ ਭਵਿੱਖ ਹੁੰਦੇ ਹਨ।ਹਰੇਕ ਇਨਸਾਨ ਅਤੇ ਸਮਾਜ ਆਪਣੇ ਭਵਿੱਖ ਨੂੰ ਸਵਾਰਨ ਲਈ ਕਾਰਜਕ੍ਰਤ ਹੈ।ਸਮਾਜ ਵਿੱਚ ਵਿਚਰਦੇ ਹੋਏ ਜਿਆਦਾਤਰ ਮਾਪੇ ਅਧਿਆਪਕਾਂ ਨਾਲ ਮਿਲ ਕੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸਵਾਰਨ ਲਈ ਸੰਜੀਦਾ ਹਨ। ਪਰ ਇਹ ਵੇਖਿਆ ਗਿਆ ਹੈ ਕਿ ਅਜੇ ਵੀ ਸਮਾਜ ਵਿੱਚ ਕੁੱਝ ਬੱਚੇ ਅਜਿਹੇ ਹਨ ਜਿਨ੍ਹਾਂ ਦੇ ਹਾਲਾਤ ਸਮੇਂ ਦੇ ਅਨੁਕੂਲ ਨਾ ਹੋਣ ਕਰਕੇ ਉਨ੍ਹਾਂ ਦਾ ਪਾਲਣ ਪੋਸ਼ਣ ਸਹੀ ਢੰਗ ਨਾਲ ਨਹੀਂ ਹੋ ਪਾਂਦਾ ਜਿਸ ਕਰਕੇ ਕਈ ਵਾਰ ਉਹ ਸਹੀ ਵਿਦਿਆ ਪ੍ਰਾਪਤ ਨਹੀਂ ਕਰ ਸਕਦੇ ਹਨ, ਕਿਉਕਿ ਉਨ੍ਹਾਂ ਦੇ ਪਰਿਵਾਰ ਉਹਨਾਂ ਦੇ ਬਚਪਨ ਨੂੰ ਸੰਵਾਰਨ ਅਤੇ ਵਿਦਿਆ ਗ੍ਰਹਿਣ ਕਰਨ ਲਈ ਲੋੜੀਂਦੀ ਬੋਧਿਕ, ਵਿੱਤੀ ਅਤੇ ਸਮਾਜਿਕ ਨਿਵੇਸ਼ ਕਰਨ ਤ੍ਰੋਂ ਅਸਮਰਥ ਹੁੰਦੇ ਹਨ।ਭਾਰਤ ਸਰਕਾਰ ਵਲੋਂ ਦੇਸ਼ ਦੇ ਬੱਚਿਆਂ ਦੇ ਬਚਪਨ ਦੀ ਰਾਖੀ ਅਤੇ ਉਨ੍ਹਾਂ ਦੀ ਸਹੀ ਦੇਖਭਾਲ ਹਿਤ ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ) ਐਕਟ, 2015 ਬਣਾਇਆ ਗਿਆ ਹੈ।ਇਸ ਐਕਟ ਅਨੁਸਾਰ ਸਰਕਾਰ ਦੀ ਇਹ ਜਿੰਮੇਵਾਰੀ ਲਗਾਈ ਗਈ ਹੈ ਕਿ ਸਮਾਜ ਵਿੱਚ ਵਿਚਰਦਾ ਕੋਈ ਵੀ ਬੱਚਾ ਅਜਿਹਾ ਨਾ ਹੋਵੇ ਜੋ ਬਚਪਨ ਦੀਆਂ ਜਰੂਰੀ ਲੋੜਾਂ ਤੋਂ ਵੰਚਿਤ ਹੋਵੇ।

ਕਈ ਵਾਰ ਵੇਖਿਆ ਗਿਆ ਹੈ ਕਿ ਬੱਚੇ ਦੇ ਘਰ ਦੇ ਹਾਲਾਤ, ਜਿਸ ਵਿੱਚ ਗਰੀਬੀ, ਮਾਪਿਆ ਵਿੱਚੋਂ ਕਿਸੇ ਦੀ ਬੇਵਕਤ ਮੌਤ ਜਾਂ ਘਰ ਵਿੱਚ ਨਸ਼ਿਆਂ ਅਤੇ ਲੜਾਈ ਝਗੜੇ ਦੇ ਮਾਹੌਲ ਜਾਂ ਛੋਟੇ ਬੱਚਿਆਂ ਖਾਸਕਰ ਲੜਕੀਆਂ ਨਾਲ ਕਿਸੇ ਵੱਲੋ ਜਿਸਮਾਨੀ ਛੇੜਛਾੜ ਜਾਂ ਦਰਿੰਦਗੀ ਕਾਰਨ ਬੱਚੇ ਦੀ ਪ੍ਰਵਰਿਸ਼ ਠੀਕ ਨਹੀਂ ਹੋ ਰਹੀ ਹੰਦੀ, ਜਿਸ ਕਾਰਨ ਉਸ ਬੱਚੇ ਦੇ ਹਾਸਲ ਹਾਲਾਤ ਉਸ ਦੇ ਭਵਿੱਖ ਨੂੰ ਸਵਾਰਨ ਵਿੱਚ ਸਹਾਈ ਨਹੀਂ ਹੋ ਰਹੇ ਹੁੰਦੇ।

ਅਜਿਹੇ ਬੱਚਿਆਂ ਦੀ ਪਹਿਚਾਣ ਕਰਨੀ ਅਤੇ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਨੀ ਸਾਡੀ ਸਾਰਿਆਂ ਦੀ ਇਖਲਾਕੀ ਅਤੇ ਕਾਨੂੰਨੀ ਜਿੰਮੇਵਾਰੀ ਹੈ।

ਸਰਕਾਰ ਵੱਲੋਂ ਜਿਲ੍ਹਾ ਪੱਧਰ ਤੇ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਬਣਾਏ ਗਏ ਹਨ ਜਿਨ੍ਹਾਂ ਦੀ ਅਗਵਾਈ ਜਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋ ਕੀਤੀ ਜਾਂਦੀ ਹੈ।ਇਸ ਤਰ੍ਹਾਂ ਜਿਲ੍ਹਾ ਪੱਧਰ ਤੇ ਮੋਹਤਬਰ ਵਿਅਕਤੀਆਂ ਤੇ ਅਧਾਰਤ ਬਾਲ ਭਲਾਈ ਕਮੇਟੀਆਂ ਬਣਾਈਆਂ ਗਈਆਂ ਹਨ ਅਤੇ ਲੋੜਵੰਦ ਬੱਚਿਆਂ ਦੇ ਰਹਿਣ ਸਹਿਣ ਲਈ ਬਾਲ ਭਲਾਈ ਸੰਸਥਾਵਾਂ ਖੋਲੀਆਂ ਗਈਆਂ ਹਨ।

ਕਿਉਂਕਿ ਆਪ ਜੀ ਸਕੂਲਾਂ ਵਿੱਚ ਬੱਚਿਆ ਨਾਲ ਬਾ-ਵਾਸਤਾ ਹੁੰਦੇ ਹੋ, ਇਸ ਲਈ ਇਸ ਗੱਲ ਲਈ ਜਾਗਰੂਕ ਹੋ ਕਿ ਬੱਚੇ ਦਾ ਘਰ ਵਿੱਚ ਪਾਲਣ ਪੋਸ਼ਣ ਤੇ ਦੇਖ ਰੇਖ ਸਹੀ ਤਰੀਕੇ ਨਾਲ ਹੋਵੇ।ਇਹੀ ਕੰਮ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਦਾ ਹੈ ਜੋ ਕਿ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਦੀ ਦੇਖ ਰੇਖ ਹੇਠ ਰਾਜ ਦੇ ਉਨ੍ਹਾਂ ਬੱਚਿਆਂ ਦੀ ਮੱਦਦ ਲਈ ਹਮੇਸ਼ਾ ਤੱਤਪਰ ਹਨ ਜੋ ਕਿਸੇ ਕਾਰਨ ਘਾਟਾਂ ਦਾ ਸ਼ਿਕਾਰ ਹੋ ਕੇ ਸਹੀ ਬਚਪਨ ਨਹੀਂ ਬਤੀਤ ਕਰ ਪਾਂਦੇ।ਕਈ ਵਾਰ ਅਜਿਹੇ ਬੱਚੇ,ਭਾਵੇਂ ਕਿ, ਸਕੂਲਾਂ ਵਿੱਚ ਦਾਖਲ ਵੀ ਹੋ ਜਾਂਦੇ ਹਨ ਪਰ ਘਰ ਦੇ ਕਮਜੋਰ ਅਤੇ ਨਾਸਾਜ਼ਗਾਰ ਹਾਲਾਤ ਹੋਣ ਕਾਰਨ ਇਹ ਚਣੌਤੀਆਂ ਭਰਿਆ ਬਚਪਨ ਬਤੀਤ ਕਰਦੇ ਹਨ।

ਮੈਂ ਆਪ ਜੀ ਤੋਂ ਇਹ ਆਸ ਰੱਖਦਾ ਹਾਂ ਕਿ ਜੇਕਰ ਤੁਹਾਡੇ ਰੋਜ਼ਮਰ੍ਹਾ ਦੇ ਅਧਿਆਪਨ ਕਾਰਜ ਦੌਰਾਨ ਕਿਸੇ ਅਜਿਹੇ ਬੱਚੇ ਬਾਰੇ ਆਪ ਜੀ ਨੂੰ ਪਤਾ ਲੱਗਦਾ ਹੈ ਜੋ ਕਿ ਸਾਜ਼ਗਾਰ ਹਾਲਤਾਂ ਵਿੱਚ ਨਹੀ ਰਹਿ ਰਿਹਾ ਜਾਂ ਕਿਸੇ ਇਨਸਾਨੀ ਦਰਿੰਦਗੀ ਦਾ ਸ਼ਿਕਾਰ ਹੋ ਰਿਹਾ ਹੈ ਤਾਂ ਅਜਿਹੇ ਬੱਚਿਆਂ ਦੀ ਮੱਦਦ ਕਰਨ ਹਿੱਤ ਉਸ ਬਾਰੇ ਆਪਣੇ ਜਿਲ੍ਹੇ ਦੇ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਨੂੰ ਦੱਸ ਸਕਦੇ ਹੋ ਜਾਂ <u>ਚਾਈਲਡ ਹੈਲਪਲਾਈਨ ਨੰਬਰ:1098</u> ਤੇ ਸੰਪਰਕ ਕਰਕੇ ਜਾਣਕਾਰੀ ਦੇ ਸਕਦੇ ਹੋ।

ਇਸ ਜਾਣਕਾਰੀ ਦਾ ਸਿਰਫ ਤੇ ਸਿਰਫ ਮਕਸਦ ਨਾਸਾਜ਼ਗਾਰ ਹਾਲਾਤਾਂ ਵਿੱਚ ਰਹਿੰਦੇ ਜਾਂ ਸਮੱਸਿਆਵਾਂ ਵਿੱਚ ਘਿਰੇ ਬੱਚਿਆਂ ਦੇ ਮੌਜੂਦਾ ਬਚਪਨ ਦੇ ਹਾਲਾਤ ਸੁਧਾਰ ਕੇ ਉਨ੍ਹਾਂ ਦਾ ਭਵਿੱਖ ਸਵਾਰਨਾਂ ਹੈ।

ਹਾਂ ਪੱਖੀ ਹੁੰਗਾਰੇ ਦੀ ਆਸ ਵਿੱਚ।

2/5/2018
(ਕਾਹਨ ਸਿੰਘ ਪੰਨੂੰ, IAS)
ਸਕੱਤਰ
ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ

**ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਅੰਮ੍ਰਿਤਸਰ**

ਈ ਮੇਲ: deoictasr@gmail.com ਫੋਨ ਨੰਬਰ : 0183-2225897 ਫੈਕਸ 0183-2225896

ਪਿੱਠ ਅੰਕਣ ਨੰ : 2018/ਅੰਮ੍ਰਿਤਸਰ/ 42 ਮਿਤੀ : 10-05-2018

ਉਪਰੋਕਤ ਦਾ ਉਤਾਰਾ ਜਿਲ੍ਹੇ ਦੇ ਸਮੂਹ ਸਕੂਲਾ( ਸਰਕਾਰੀ/ ਪ੍ਰਾਇਵੇਟ, ਏਡਿਡ) ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਹੁਕਮਾ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

10/5/18
ਜਿਲ੍ਹਾ ਸਿਖਿਆ ਅਫਸਰ (ਸੈ.ਸਿ)
ਅੰਮ੍ਰਿਤਸਰ

Scanned by CamScanner

Subject: - School students living in unfavourable conditions at homes -Identification

Respectable Teacher

No one could realize better than you that children are the future of the society and the nation. Almost all parents in association with teachers are seriously engaged in improving the future of their children. However, it has been observed that still there are children who suffer from deficient upbringing due to their unfavourable living circumstances as a result of which these children are not able to pursue proper education since their parents lack requisite intellectual, financial and social investment for ensuring their proper childhood and education. Govt. of India has enacted a law called The Juvenile Justice (Care and Protection) Act, 2015 for securing the childhood and for the proper upbringing of the children. The Act mandates that no child should be bereft of necessary care and protection.

It has been observed that, many a times, circumstances such as poverty, untimely death of any of the parents, drug abuse, disease and physical and sexual violence against the children, especially girl child, in the family result in deficient and challenged upbringing of the child.

To identify such children in need of protection and care and to provide them requisite help is the moral and legal responsibility of all of us.

The State Govt. has constituted District Child Protection Units headed by District Child Protection Officers. Similarly, child welfare committees consisting of eminent persons have been constituted at the District level and child welfare institutions have also been established for supporting the children requiring care and protection.

Since, you remain associated with children in the schools in the course of your vocation; therefore, you are fully aware about the fact that children should get proper care, protection and upbringing at home. Same is the duty of the District Child Protection Units, functioning under the overall guidance of Deputy Commissioners, who are always ready to assist the children in need of protection and care. Although, many a times, such children get admitted in schools but live through a challenged childhood due to weak, hostile and unfavourable circumstances at home.

With a view to achieve the objective of happy childhood, I request you to identify such children, during the course of your teaching assignments, who are living in unfavourable circumstances or are victims of physical or sexual assault. The information regarding such students/children may be given to District Child Protection Units or may be shared at **child helpline No. 1098.**

The objective of this information is to improve the living conditions of those children who are trapped in unfavourable and challenged circumstances, so that their future could be secured by improving their conditions of protection and care.

Looking forward to positive response.

2/5/2018

**(Kahan Singh Pannu, IAS)**
Secretary
Punjab State Commission for
Protection of Child Rights

Scanned by CamScanner